ਵਲੋ

ਡਾਇਰੈਕਟਰ,ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ।

ਵੱਲ

ਸਮੂਹ ਜਿਲਾ ਕੰਟਰੋਲਰਜ਼,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ
ਪੰਜਾਬ ਰਾਜ ਵਿੱਚ।

ਮੀਮੋ ਨੰ: 1ਖਵ(110-ਏ)-2016/ 2762
ਮਿਤੀ, ਚੰਡੀਗੜ 26-11-2020

ਵਿਸ਼ਾ: ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਖੋਲਣ ਸਬੰਧੀ ਪਾਲਿਸੀ ਬਾਰੇ।

*******

ਹਵਾਲਾ ਇਸ ਦਫਤਰ ਦੇ ਮੀਮੋ ਨੰ: 1ਖਵ(110-ਏ)-2016/1284 ਮਿਤੀ 15-06-2016, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਉਕੱਤ ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਰਾਹੀਂ ਰਾਜ ਵਿੱਚ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ (ਰਾਸ਼ਨ ਡਿਪੂ) ਦੀਆਂ ਖਾਲੀ ਅਸਾਮੀਆਂ ਭਰਨ ਲਈ ਅਪਣਾਈ ਜਾਣ ਵਾਲੀ ਵਿਧੀ ਸਬੰਧੀ ਪਾਲਿਸੀ ਜਾਰੀ ਕੀਤੀ ਗਈ ਸੀ। ਇਸ ਪਾਲਿਸੀ ਨੂੰ ਹੁਣ ਰੀਵਿਊ ਕਰਦੇ ਹੋਏ ਇਸ ਦੀ ਕਲਾਜ ਨੰ: 14 ਵਿੱਚ ਹੇਠ ਅਨੁਸਾਰ ਸੋਧ ਕੀਤੀ ਗਈ ਹੈ:-

**<u>ਕਲਾਜ ਨੰ: 14 ਡਿਪੂਆਂ ਦੀਆਂ ਵਕੈਸੀਆਂ ਭਰਨ ਸਬੰਧੀ ਪ੍ਰਚਾਰ ਦਾ ਮਾਧਿਅਮ:</u>**

| ਪਾਲਿਸੀ ਦੀ ਪਹਿਲਾਂ ਜਾਰੀ ਕਲਾਜ ਨੰ: 14 | ਪਾਲਿਸੀ ਦੀ ਹੁਣ ਸੋਧੀ ਕਲਾਜ ਨੰ: 14 |
|---|---|
| ਕੇਵਲ ਸ਼ਹਿਰੀ ਰਾਸ਼ਨ ਡਿਪੂਆਂ ਦੀਆਂ ਵਕੈਸੀਆਂ ਦੇ ਸਬੰਧ ਵਿੱਚ ਸਬੰਧਤ ਜਿਲਾ ਖੁਰਾਕ ਸਪਲਾਈ ਕੰਟਰੋਲਰ ਵੱਲੋਂ ਸਥਾਨਕ ਅੰਗਰੇਜੀ ਅਤੇ ਪੰਜਾਬੀ ਦੇ ਅਖਬਾਰਾਂ ਰਾਹੀਂ ਬਣਦੀਆਂ ਵਕੈਸੀਆਂ ਬਾਰੇ ਇਸ਼ਤਿਹਾਰ ਦਿੱਤਾ ਜਾਵੇਗਾ ਅਤੇ ਉਸ ਵਿੱਚ ਇਹ ਵੀ ਦਰਜ ਕੀਤਾ ਜਾਵੇਗਾ ਕਿ ਇਹ ਵਕੈਂਸੀਆਂ ਭਰਨ ਸਬੰਧੀ ਹੋਰ ਕੋਈ ਵਿਸਥਾਰ ਪੂਰਵਕ ਜਾਣਕਾਰੀ ਲਈ ਬਿਨੈਕਾਰ ਸਰਕਲ ਦਫਤਰ ਵਿਖੇ ਕੰਮ ਵਾਲੇ ਦਿਨ ਸੰਪਰਕ ਕਰ ਸਕਦਾ ਹੈ। ਜਿਲਾ ਖੁਰਾਕ ਸਪਲਾਈ ਕੰਟਰੋਲਰ ਦੇ ਦਫਤਰ ਵਿੱਚ ਨੋਟਿਸ ਬੋਰਡ ਤੇ ਵੀ ਵਕੈਂਸੀਆਂ ਬਾਰੇ ਨੋਟਿਸ ਲਗਾਇਆ ਜਾਵੇਗਾ।<br>ਪੇਂਡੂ ਡਿਪੂਆਂ ਲਈ ਇਸ਼ਤਿਹਾਰ ਜਰੂਰੀ ਨਹੀਂ ਹੈ। ਪ੍ਰੰਤੂ ਸਬੰਧਤ ਪਿੰਡ ਵਿੱਚ ਘੱਟੋ-ਘੱਟ 7 ਦਿਨਾਂ ਪਹਿਲਾਂ ਨੋਟਿਸ ਨੁਮਾਇਆ ਕਰਨਾ ਪਵੇਗਾ ਅਤੇ ਸਬੰਧਤ ਪਿੰਡ ਦੀ ਪੰਚਾਇਤ/ਨਿਗਰਾਨ ਕਮੇਟੀ ਨੂੰ ਸੂਚਿਤ ਕੀਤਾ ਜਾਵੇਗਾ, ਜਿਨ੍ਹਾਂ ਵੱਲੋਂ ਪਿੰਡ ਵਿੱਚ ਹੋਕਾ ਦੇ ਕੇ ਸਾਰਿਆਂ ਨੂੰ ਜਾਣੂ ਕਰਵਾਇਆ ਜਾਵੇਗਾ। | ਪੇਂਡੂ/ ਸ਼ਹਿਰੀ ਰਾਸ਼ਨ ਡਿਪੂਆਂ ਦੀਆਂ ਵਕੈਸੀਆਂ ਦੇ ਸਬੰਧ ਵਿੱਚ ਸਬੰਧਤ ਜਿਲਾ ਖੁਰਾਕ ਸਪਲਾਈ ਕੰਟਰੋਲਰ ਵੱਲੋਂ ਵਿਭਾਗ ਦੀ ਵੈਬਸਾਈਟ www.foodsuppb.gov.in ਤੇ ਇਨ੍ਹਾਂ ਵਕੈਂਸੀਆਂ ਦੇ ਵਰਵੇ ਅਪਲੋਡ ਕੀਤੇ ਜਾਣਗੇ, ਜਿਸ ਵਿੱਚ ਇਹ ਵੀ ਦਰਜ ਕੀਤਾ ਜਾਵੇਗਾ ਕਿ ਇਹ ਵਕੈਂਸੀਆਂ ਭਰਨ ਸਬੰਧੀ ਹੋਰ ਕੋਈ ਵਿਸਥਾਰ ਪੂਰਵਕ ਜਾਣਕਾਰੀ ਲਈ ਬਿਨੈਕਾਰ ਸਰਕਲ ਦਫਤਰ ਵਿਖੇ ਕੰਮ ਵਾਲੇ ਦਿਨ ਸੰਪਰਕ ਕਰ ਸਕਦਾ ਹੈ। ਜਿਲਾ ਖੁਰਾਕ ਸਪਲਾਈ ਕੰਟਰੋਲਰ ਦੇ ਦਫਤਰ ਵਿੱਚ ਨੋਟਿਸ ਬੋਰਡ ਤੇ ਵੀ ਵਕੈਂਸੀਆਂ ਬਾਰੇ ਨੋਟਿਸ ਲਗਾਇਆ ਜਾਵੇਗਾ।<br>ਪੇਂਡੂ ਡਿਪੂਆਂ ਲਈ ਸਬੰਧਤ ਪਿੰਡ ਵਿੱਚ ਘੱਟੋ-ਘੱਟ 7 ਦਿਨਾਂ ਪਹਿਲਾਂ ਨੋਟਿਸ ਨੁਮਾਇਆ ਵੀ ਕਰਨਾ ਯਕੀਨੀ ਬਣਾਇਆ ਜਾਵੇਗਾ ਅਤੇ ਸਬੰਧਤ ਪਿੰਡ ਦੀ ਪੰਚਾਇਤ/ਨਿਗਰਾਨ ਕਮੇਟੀ ਨੂੰ ਸੂਚਿਤ ਕੀਤਾ ਜਾਵੇਗਾ, ਜਿਨ੍ਹਾਂ ਵੱਲੋਂ ਪਿੰਡ ਵਿੱਚ ਹੋਕਾ ਦੇ ਕੇ ਸਾਰਿਆਂ ਨੂੰ ਜਾਣੂ ਕਰਵਾਇਆ ਜਾਵੇਗਾ। |

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕੱਤ ਕਲਾਜ ਤੋਂ ਇਲਾਵਾ ਮੁੱਖ ਦਫਤਰ ਦੇ ਪੱਤਰ ਨੰ:1ਖਵ(110-ਏ)-2016/1284 ਮਿਤੀ 15-06-2016 ਅਤੇ ਬਾਅਦ ਵਿੱਚ ਪੱਤਰ ਨੰ:1ਖਵ(110-ਏ)-2016/1858 ਮਿਤੀ 01-09-2016 ਰਾਹੀਂ ਜਾਰੀ ਸੋਧੀ ਪਾਲਿਸੀ ਦੀਆਂ ਹਦਾਇਤਾਂ ਉਸੇ ਤਰਾਂ ਹੀ ਲਾਗੂ ਰਹਿਣਗੀਆਂ।

ਡਾਇਰੈਕਟਰ,ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ।

ਪ:ਅੰ:ਨੰ: ਮੀਮੋ ਨੰ: 1ਖਵ(110-ਏ)-2016/ 2763
ਮਿਤੀ, ਚੰਡੀਗੜ 26-11-2020

ਉਪਰੋਕਤ ਦਾ ਉਤਾਰਾ, ਸਮੂਹ ਡਿਪਟੀ ਡਾਇਰੈਕਟਰ (ਫੀਲਡ), ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ ਰਾਜ ਵਿੱਚ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ,ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ।